28-Oct-Punjab-2Star.qxd 10/28/2025 9:57 PM Page 3

ਗਊਸ਼ਾਲਾ ਸ਼ੇਰੋਂ ਵਿਖੇ ਸੰਤ ਸਮਾਜ ਦੀ ਮੀਟਿੰਗ ਤੋਂ ਬਾਅਦ ਜਾਣਕਾਰੀ ਦਿੰਦੇ ਹੋਏ ਸੰਤ ਮਹਾਂਪੁਰਸ਼। ਤਸਵੀਰ : ਵਿਨੋਦ

ਪੰਜਾਬ ਦੇ ਪ੍ਰਮੁੱਖ ਸੰਤ ਸਮਾਜ ਦੀ ਅਹਿਮ ਮੀਟਿੰਗ

ਸਾਧੂ ਸਮਾਜ ਦੇ ਮਸਲਿਆਂ ਲਈ ਮੁੱਖ ਮੰਤਰੀ ਤੇ ਰਾਜਪਾਲ ਪੰਜਾਬ ਨੂੰ ਮਿਲੇਗਾ ਸੰਤ ਸਮਾਜ

ਲੌਂਗੋਵਾਲ, 28 ਅਕਤੂਬਰ (ਵਿਨੋਦ ਸ਼ਰਮਾ)-ਪੰਜਾਬ ਦੇ ਪ੍ਰਮੁੱਖ ਸੰਤ ਸਮਾਜ ਦੀ ਅਹਿਮ ਮੀਟਿੰਗ ਸ੍ਰੀ ਚੰਦਰ ਗਊਸ਼ਾਲਾ ਡੇਰਾ ਨਿੰਮ ਵਾਲਾ ਸ਼ੇਰੋਂ ਵਿਖੇ ਪ੍ਰਾਚੀਨ ਉਦਾਸੀਨ ਮਹਾਂ ਮੰਡਲ ਪੰਜਾਬ ਦੇ ਪ੍ਰਧਾਨ ਮਹੰਤ ਦਿਗੰਬਰ ਮੁਨੀ ਅਖਾੜਾ ਸੰਗਲ ਵਾਲਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅਗਵਾਈ ਹੇਠ ਹੋਈ। ਜਿਸ ਵਿਚ ਸਮੁੱਚੇ ਪੰਜਾਬ ਤੋਂ ਇਲਾਵਾ ਨੇੜਲੇ ਸੂਬਿਆਂ ਦੇ ਸੰਤ ਮਹਾਂ ਪੁਰਸ਼ਾਂ ਤੇ ਭੇਖ ਭਗਵਾਨ ਦੇ ਸਿਰਮੌਰ ਸਾਧੂ ਮਹਾਤਮਾਵਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੇ ਵੇਰਵੇ ਸਾਂਝੇ ਕਰਦਿਆਂ ਡਾ. ਸਵਾਮੀ ਚੰਦਰ ਮੁਨੀ ਸ਼ੇਰੋਂ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਸਰਬੱਤ ਦੇ ਭਲੇ, ਧਰਮ ਦੇ ਪ੍ਰਚਾਰ ਪ੍ਰਸਾਰ ਤੋਂ ਇਲਾਵਾ ਡੇਰਿਆਂ ਅਤੇ ਧਾਰਮਿਕ ਸਥਾਨਾਂ ਦੀਆਂ ਜਾਇਦਾਦਾਂ 'ਤੇ ਸ਼ਰਾਰਤੀ ਅਨਸਰਾਂ ਵਲੋਂ ਰੱਖੀ ਜਾਂਦੀ ਮਾੜੀ ਨਜ਼ਰ ਸਬੰਧੀ ਤੇ ਹੋਰਨਾਂ ਸਮਾਜਿਕ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿਚ ਸਮਾਜ ਵਿਚ ਨਸ਼ੇ ਦੀ ਅਲਾਮਤ ਵੱਡੀ ਪੱਧਰ 'ਤੇ ਫੈਲ ਗਈ ਹੈ ਅਤੇ ਗਊਆਂ ਦਾ ਵੀ ਵੱਡੀ ਪੱਧਰ ਤੇ ਨਿਰਾਦਰ ਹੋ ਰਿਹਾ। ਇਨ੍ਹਾਂ ਅਲਾਮਤਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਾਧੂ ਸਮਾਜ ਵਲੋਂ ਧਾਰਮਿਕ ਪ੍ਰਚਾਰ ਪ੍ਰਸਾਰ ਅਤੇ ਲੋੜੀਂਦੇ ਪ੍ਰਬੰਧ ਕਰ ਕੇ ਉਪਰਾਲੇ ਆਰੰਭ ਕੀਤੇ ਜਾਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਕੁੱਝ ਥਾਵਾਂ 'ਤੇ ਸ਼ਰਾਰਤੀ ਅਨਸਰਾਂ ਵਲੋਂ ਡੇਰਿਆਂ ਅਤੇ ਧਾਰਮਿਕ ਸਥਾਨਾਂ 'ਤੇ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਡੇਰਿਆਂ ਦੀਆਂ ਜਾਇਦਾਦਾਂ ਨੂੰ ਹੜੱਪ ਕਰਨ ਦੇ ਮਕਸਦ ਨਾਲ ਸਾਧੂ ਸੰਤਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਅਜਿਹੇ ਨਾਪਾਕ ਅਨਸਰਾਂ ਨੂੰ ਨੱਥ ਪਾਉਣ ਲਈ ਜਲਦ ਹੀ ਸਾਧੂ ਸਮਾਜ ਮੁੱਖ ਮੰਤਰੀ ਭਗਵੰਤ ਮਾਨ ਤੇ ਰਾਜਪਾਲ ਪੰਜਾਬ ਨੂੰ ਮਿਲ ਕੇ ਜ਼ਮੀਨੀ ਹਕੀਕਤ ਤੋਂ ਜਾਣੂੰ ਕਰਵਾਏਗਾ। ਇਸ ਮੌਕੇ ਸੰਤ ਜਮੁਨਾ ਦਾਸ ਦੁੰਨੇ, ਸੰਤ ਮੱਖਣ ਮੁਨੀ ਡੂੰਮ, ਸੰਤ ਸੇਵਾਦਾਸ ਕੋਟਫੱਤਾ, ਸੰਤ ਆਤਮਾ ਰਾਮ ਪਟਿਆਲਾ, ਸੰਤ ਸ਼ਾਂਤਾ ਨੰਦ ਬੀਰੋ ਕੇ, ਸੰਤ ਰਮੇਸ਼ ਮੁਨੀ ਤਲਵੰਡੀ ਸਾਬੋ, ਸੰਤ ਪਰਮ ਮੁਨੀ ਸਤੌਜ, ਸੰਤ ਜਗਦੀਸ਼ ਗਿਰ ਛਾਹੜ, ਸੰਤ ਪ੍ਰਕਾਸ਼ ਮੁਨੀ ਹਰਿਦੁਆਰ, ਮਹਾਂ ਮੰਡਲੇਸ਼ਵਰ ਸਵਾਮੀ ਜੋਗਿੰਦਰਾ ਨੰਦ ਸੰਘਰੀਆ ਮੰਡੀ, ਸੰਤ ਬਾਲਕ ਨਾਥ ਬੀਰੋ ਕੇ, ਸੰਤ ਬਲਵਿੰਦਰ ਦਾਸ ਮੁੱਲਾਂਪੁਰ, ਸੰਤ ਗਿਆਨ ਪ੍ਰਕਾਸ਼, ਸੰਤ ਵੇਦ ਪ੍ਰਕਾਸ਼ ਢੁੱਡੀ, ਸੰਤ ਰਵਿੰਦਰ ਮੁਨੀ ਫੇਰੂਮਾਨ, ਸੰਤ ਬਲਵੰਤ ਮੁਨੀ ਤੁੰਗਵਾਲੀ, ਸੰਤ ਭਗਵਾਨ ਦਾਸ ਤਪਾ, ਸੰਤ ਰਾਮ ਸ਼ਰਨ ਦਾਸ ਮੰਡੀ ਗੋਬਿੰਦਗੜ੍ਹ, ਸੰਤ ਸੋਹਣ ਦਾਸ ਰਾਜਸਥਾਨ, ਸੰਤ ਸੁਖਦੇਵ ਦਾਸ ਮਾਜਰੀ, ਸੰਤ ਧਰਮ ਮੁਨੀ ਅਲਾਲ, ਸੰਤ ਰੁੜਕੀ ਦਾਸ ਬੀਰ ਕਲਾਂ, ਸੰਤ ਅਵਤਾਰ ਦਾਸ ਅਲੀਸ਼ੇਰ, ਸੰਤ ਗੋਪਾਲ ਦਾਸ ਅੰਮ੍ਰਿਤਸਰ, ਸੰਤ ਕਮਲ ਦਾਸ ਜੈਤੋ, ਸੰਤ ਸਾਧੂ ਰਾਮ ਪਟਿਆਲਾ, ਸੰਤ ਸੱਤਪ੍ਰਕਾਸ਼ ਧੂੜਕੋਟ, ਸੰਤ ਦਰਸ਼ਨ ਦਾਸ ਡੱਬਵਾਲੀ, ਸੰਤ ਗੋਪਾਲ ਦਾਸ ਕਿਆਲੇ ਬਾਂਦਰ, ਸੰਤ ਲਖਵਿੰਦਰ ਦਾਸ ਤੁੰਗਵਾਲੀ, ਸੰਤ ਕਲਿਆਣ ਦਾਸ ਗਿੱਲ ਪੱਤੀ, ਸੰਤ ਬਲਜੀਤ ਦਾਸ ਗੁਰੂਸਰ, ਸੰਤ ਬਲਵਿੰਦਰ ਦਾਸ ਅਲਬੇਲਾ, ਸੰਤ ਪਰਸ਼ੋਤਮ ਦਾਸ ਖਿਜਰੀ ਵਾਲਾ, ਸੰਤ ਗੋਪੀ ਦਾਸ ਗਹਿਰੀ ਬੁੱਟਰ, ਸੰਤ ਮਨਸ਼ਾ ਦਾਸ ਅਤੇ ਹੋਰ ਸੰਤ ਮਹਾਂਪੁਰਸ਼ ਹਾਜ਼ਰ ਸਨ।

ਯੂਨੀਅਨ ਦੇ ਆਗੂ ਤੇ ਮੁਲਾਜ਼ਮ ਧਰਨੇ ਦੌਰਾਨ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰ : ਸੇਵਕ ਸਿੰਘ

ਪਾਵਰਕਾਮ ਐਂਡ ਟਰਾਂਸਕੋ ਆਊਟਸੋਰਸਡ ਠੇਕਾ ਕਾਮਿਆਂ ਨੇ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਦਿੱਤਾ ਸੂਬਾ ਪੱਧਰੀ ਧਰਨਾ

ਲੁਧਿਆਣਾ, 28 ਅਕਤੂਬਰ (ਜਤਿੰਦਰ ਭੰਬੀ)-ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਵਲੋਂ ਆਪਣੇ ਪਰਿਵਾਰਾਂ ਸਮੇਤ ਬਿਜਲੀ ਮੰਤਰੀ ਦੀ ਰਿਹਾਇਸ਼ ਦੇ ਅੱਗੇ ਆਊਟਸੋਰਸਡ ਠੇਕਾ ਕਾਮਿਆਂ ਨੇ ਸੂਬਾ ਪੱਧਰੀ ਧਰਨਾ ਦਿੱਤਾ। ਸੂਬਾ ਪ੍ਰਧਾਨ ਬਲਿਹਾਰ ਸਿੰਘ, ਸੂਬਾ ਜਨਰਲ ਸਕੱਤਰ ਰਾਜੇਸ਼ ਕੁਮਾਰ ਮੌੜ, ਸੂਬਾ ਸਹਾਇਕ ਸਕੱਤਰ ਟੇਕ ਚੰਦ, ਸੂਬਾ ਦਫ਼ਤਰੀ ਸਕੱਤਰ ਸ਼ੇਰ ਸਿੰਘ, ਪ੍ਰੈੱਸ ਸਕੱਤਰ ਇੰਦਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਵਲੋਂ ਬਿਜਲੀ ਕਾਰਪੋਰੇਸ਼ਨ ਦੇ ਨਿੱਜੀਕਰਨ ਦੀਆਂ ਤਿਆਰੀਆਂ ਤੇਜ਼ ਕਰਨ ਦੇ ਫ਼ੈਸਲੇ ਦੀ ਨਿੰਦਾ ਕੀਤੀ। ਉਨ੍ਹਾਂ ਕੇਂਦਰ ਸਰਕਾਰ ਵਲੋਂ 2025 ਬਿਜਲੀ ਸੋਧ ਬਿਲ ਖਰੜੇ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਠੇਕੇਦਾਰ ਕੰਪਨੀਆਂ ਨੂੰ ਬਾਹਰ ਕੱਢ ਸਮੂਹ ਆਊਟਸੋਰਸਡ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿਚ ਸ਼ਾਮਿਲ ਕਰਨ ਸਮੇਤ ਘੱਟੋ ਘੱਟ 1948 ਐਕਟ ਮੁਤਾਬਿਕ ਜਾਂ 15ਵੀਂ ਲੇਬਰ ਕਾਨਫਰੰਸ ਤਹਿਤ ਤਨਖ਼ਾਹ ਜਾਰੀ ਕਰਨ ਅਤੇ ਬਿਜਲੀ ਮਹਿਕਮੇ ਵਿਚੋਂ ਖਤਮ ਕੀਤੀਆਂ ਪੋਸਟਾਂ ਨੂੰ ਮੁੜ ਭਰਿਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਕਾਮਿਆਂ ਦੇ ਵਾਰਸਾਂ ਨੂੰ ਪੱਕੀ ਨੌਕਰੀ ਅਤੇ ਯੋਗ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਨਿੱਜੀਕਰਨ ਦੀ ਨੀਤੀ 2003 ਸਮੇਤ ਲਿਆਂਦੇ ਜਾ ਰਹੇ 2025 ਦੇ ਖਰੜੇ ਨੂੰ ਰੱਦ ਕੀਤਾ ਜਾਵੇ। ਉਨ੍ਹਾਂ ਝੂਠੇ ਕੇਸ ਰੱਦ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਕਾਮਿਆਂ ਨੂੰ ਨੌਕਰੀ 'ਤੇ ਬਹਾਲ ਕੀਤਾ ਜਾਵੇ।

34ਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 11 ਤੋਂ 14 ਦਸੰਬਰ ਤੱਕ

ਸਿੰਘ ਸਾਹਿਬਾਨ, ਸੰਤ-ਮਹਾਂਪੁਰਸ਼ ਗੁਰਮਤਿ ਸੰਗੀਤ ਦੇ ਮਾਹਿਰ ਸ਼ਮੂਲੀਅਤ ਕਰਨਗੇ-ਸੰਤ ਅਮੀਰ ਸਿੰਘ

ਲੁਧਿਆਣਾ, 28 ਅਕਤੂਬਰ (ਪਰਮਿੰਦਰ ਸਿੰਘ ਆਹੂਜਾ)-ਜਵੱਦੀ ਟਕਸਾਲ ਵਲੋਂ ਆਰੰਭੇ ਕੌਮੀ ਕਾਰਜ ਗੁਰਮਤਿ ਸੰਗੀਤ ਦੇ ਪ੍ਰਚਾਰ-ਪਸਾਰ ਨੂੰ ਹੋਰ ਪ੍ਰਚੰਡ ਕਰਨ ਲਈ ਉਨ੍ਹਾਂ ਤੋਂ ਵਰੇਸਾਏ ਮਹਾਂਪੁਰਸ਼ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਵਲੋਂ 34ਵਾਂ ਅਦੁੱਤੀ ਗੁਰਮਤ ਸੰਗੀਤ ਸੰਮੇਲਨ 11 ਤੋਂ 14 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ। ਸੰਤ ਬਾਬਾ ਅਮੀਰ ਸਿੰਘ ਨੇ ਦੱਸਿਆ ਕਿ ਇਸ ਵਾਰ ਦਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 350ਵੇਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ, ਜਿਸ ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ 40 ਕਰੀਬ ਗੁਰਮਤਿ ਸੰਗੀਤ ਮਾਹਿਰ ਕੀਰਤਨੀਏ 17 ਰਾਗਾਂ ਦੇ ਆਧਾਰਿਤ ਗੁਰਬਾਣੀ ਗਾਇਨ ਕਰਨਗੇ। ਉਨ੍ਹਾਂ ਦੱਸਿਆ ਕਿ ਗੁਰਮਤਿ ਸੰਗੀਤ ਸੰਮੇਲਨ ਦੇ ਪਹਿਲੇ ਦੋ ਦਿਨ 11 ਤੇ 12 ਦਸੰਬਰ ਨੂੰ ਕੇਵਲ ਰਾਤ ਦੇ ਸਮਾਗਮ ਹੋਣਗੇ ਜਦਕਿ 12 ਅਤੇ 13 ਦਸੰਬਰ ਨੂੰ ਸਵੇਰ ਤੋਂ ਰਾਤ ਤੱਕ ਸੰਗੀਤ ਸੰਮੇਲਨ ਹੋਣਗੇ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਤਖ਼ਤ ਸਾਹਿਬਾਨਾਂ ਦੇ ਸਿੰਘ ਸਾਹਿਬਾਨ, ਗੁਰਮਤਿ ਸੰਗੀਤ ਦੇ ਮਾਹਿਰ ਵਿਦਵਾਨ ਕੀਰਤਨੀਏ, ਵੱਖ-ਵੱਖ ਸੰਪਰਦਾਵਾਂ ਦੇ ਮੁਖੀ ਵੀ ਸ਼ਮੂਲੀਅਤ ਕਰਨਗੇ।

ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ।

ਰਾਫੇਲ 'ਚ ਅੱਜ ਉਡਾਣ ਭਰਨਗੇ ਰਾਸ਼ਟਰਪਤੀ

ਨਵੀਂ ਦਿੱਲੀ, 28 ਅਕਤੂਬਰ (ਪੀ.ਟੀ.ਆਈ.)-ਰਾਸ਼ਟਰਪਤੀ ਭਵਨ ਵਲੋਂ ਮੰਗਲਵਾਰ ਨੂੰ ਜਾਰੀ ਬਿਆਨ 'ਚ ਕਿਹਾ ਗਿਆ ਕਿ ਰਾਸ਼ਟਰਪਤੀ ਦਰੋਪਦੀ ਮੁਰਮੂ ਕੱਲ੍ਹ ਹਰਿਆਣਾ ਦੇ ਅੰਬਾਲਾ ਦਾ ਦੌਰਾ ਕਰਨਗੇ ਅਤੇ ਇਸ ਤੋਂ ਬਾਅਦ ਉਹ ਰਾਫੇਲ 'ਚ ਉਡਾਣ ਵੀ ਭਰਨਗੇ। ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਅਤੇ ਪ੍ਰਤਿਭਾ ਪਾਟਿਲ ਨੇ ਕ੍ਰਮਵਾਰ 8 ਜੂਨ, 2003 ਅਤੇ 25 ਨਵੰਬਰ, 2009 ਨੂੰ ਪੁਣੇ ਨੇੜੇ ਲੋਹੇਗਾਓਂ ਦੇ ਹਵਾਈ ਸੈਨਾ ਸਟੇਸ਼ਨ 'ਤੇ ਸੁਖੋਈ-30 ਐਮ.ਕੇ.ਆਈ. ਲੜਾਕੂ ਜਹਾਜ਼ 'ਚ ਉਡਾਣ ਭਰੀ ਸੀ। ਇਸ ਤੋਂ ਪਹਿਲਾਂ 8 ਅਪ੍ਰੈਲ 2023 ਨੂੰ ਭਾਰਤੀ ਹਥਿਆਰਬੰਦ ਸੈਨਾਵਾਂ ਦੀ ਸੁਪਰੀਮ ਕਮਾਂਡਰ ਮੁਰਮੂ, ਅਸਾਮ ਦੇ ਤੇਜ਼ਪੁਰ ਹਵਾਈ ਸੈਨਾ ਸਟੇਸ਼ਨ 'ਤੇ ਸੁਖੋਈ-30 ਐਮ.ਕੇ.ਆਈ. ਲੜਾਕੂ ਜਹਾਜ਼ 'ਚ ਉਡਾਣ ਭਰਨ ਵਾਲੀ ਤੀਜੀ ਰਾਸ਼ਟਰਪਤੀ ਅਤੇ ਰਾਜ ਦੀ ਦੂਜੀ ਮਹਿਲਾ ਮੁਖੀ ਬਣੇ ਹਨ। ਫਰਾਂਸੀਸੀ ਏਰੋਸਪੇਸ ਪ੍ਰਮੁੱਖ ਦਸੌਲਟ ਏਵੀਏਸ਼ਨ ਦੁਆਰਾ ਨਿਰਮਿਤ ਰਾਫੇਲ ਲੜਾਕੂ ਜਹਾਜ਼ਾਂ ਨੂੰ ਰਸਮੀ ਤੌਰ 'ਤੇ ਸਤੰਬਰ 2020 'ਚ ਅੰਬਾਲਾ ਦੇ ਹਵਾਈ ਸੈਨਾ ਸਟੇਸ਼ਨ ਵਿਖੇ ਭਾਰਤੀ ਹਵਾਈ ਸੈਨਾ 'ਚ ਸ਼ਾਮਿਲ ਕੀਤਾ ਗਿਆ ਸੀ। ਰਾਫੇਲ ਜਹਾਜ਼ਾਂ ਦੀ ਵਰਤੋਂ 22 ਅਪ੍ਰੈਲ ਨੂੰ ਹੋਏ ਪਿਹਲਗਾਮ ਅੱਤਵਾਦੀ ਹਮਲੇ ਦੇ ਜਵਾਬ 'ਚ ਭਾਰਤ ਦੁਆਰਾ ਆਪ੍ਰੇਸ਼ਨ ਸੰਧੂਰ 'ਚ ਕੀਤੀ ਗਈ ਸੀ।

GURU NANAK COLLEGE OF NURSING
Gopalpur, Near Dehlon, Malerkotla Road,Ludhiana.
M : 81960-49888, 81960-00888, 81960-45888, gncnursing@gmail.com/www.gnes.in

NOTICE

It is informed that the process of Semi Online Counseling of leftover seats in GNM Courses for Guru Nanak College of Nursing, Gopalpur will be conducted at institute level as per following Schedule and Candidates are required to report at the college sharply at 9:00 AM. Only the candidates, who have completed application in all respects on counseling admission portal 2025-26 of PNRC and not holding any seat in any institute, shall be allowed to appear in this round. No candidate shall be allowed to participate after the preparation of the merit list.

Description	Date	Timing
Semi Online Counseling and joining of candidates for Guru Nanak College of Nursing, Gopalpur	31.10.2025	9:00 AM to 10:00 AM

Principal
Guru Nanak College of Nursing, Gopalpur

PSWC, District Office, Ludhiana

Punjab Govt. has floated OTS-2025 policy for the benefit of defaulter Mills. Preliminary following Mills have been found eligible for appling under OTS-2025.

Sr. No.	Name of Mill	Crop-Year	Address
1	Dashmensh Rice Mills	1995-96	G.T. Road, Near Kadon Chonk, Doraha.
2	Guru Kirpa Rice Mills	1997-98	G.T. Road, Jagraon, Distt. LDH.
3	Guru Kirpa Rice Mills	1998-99	G.T. Road, Jagraon, Distt. LDH.
4	Bansal Traders	2002-03	Ahmedgarh Road Pohir, Distt. LDH.
5	Graintec India Ltd.	2003-04	Village and post office Budhewal, Distt. LDh.
6	D.S.L. Rice Mills	2007-08 & 2008-09	P.O. Raian Kohara Kum Kalan, Distt. LDH.
7	Maharaja Rice Mills	2011-12	V.P.O. Leelan, Tehsil Jagraon, Distt. LDH.
8	Tajpur Rice & General Mills	2012-13	Village Tajpur, Raikot, Distt. LDh.

They are advised to contact the under signed before 31.10.2025

DM, PSWC, Ludhiana
94630-56549, 88723-01212

'ਆਪ' ਸਰਕਾਰ ਦੀ ਨਾਕਾਮੀ ਨੇ ਸੂਬੇ ਨੂੰ ਪ੍ਰਦੂਸ਼ਣ ਦੇ ਜਾਲ 'ਚ ਧੱਕਿਆ-ਅਸ਼ਵਨੀ ਸ਼ਰਮਾ

'ਸਮਾਰਟ ਸਿਟੀ' ਦੇ ਵਾਅਦਿਆਂ ਦੀ ਪੋਲ ਖੁੱਲ੍ਹੀ

ਪਠਾਨਕੋਟ, 28 ਅਕਤੂਬਰ (ਸੰਧੂ)-ਪੰਜਾਬ ਵਿਚ ਕੂੜਾ ਸਾੜਨ ਨਾਲ ਵੱਧ ਰਹੇ ਪ੍ਰਦੂਸ਼ਣ ਮਾਮਲੇ 'ਤੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ 'ਆਪ' ਸਰਕਾਰ ਨੇ ਤਿੰਨ ਸਾਲਾਂ 'ਚ ਸੂਬੇ ਨੂੰ ਸਾਫ਼ ਕਰਨ ਦੀ ਥਾਂ ਧੂੰਏਂ ਦਾ ਅੱਡਾ ਬਣਾ ਦਿੱਤਾ ਹੈ।

ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਫਗਵਾੜਾ, ਨਵਾਂ ਸ਼ਹਿਰ, ਮੋਹਾਲੀ, ਖਰੜ, ਨਿਊ ਚੰਡੀਗੜ੍ਹ, ਪਠਾਨਕੋਟ ਤੇ ਤਰਨਤਾਰਨ ਜਿਹੇ ਸ਼ਹਿਰਾਂ ਵਿਚ ਹਵਾ ਦੀ ਗੁਣਵੱਤਾ ਖ਼ਤਰਨਾਕ ਪੱਧਰ 'ਤੇ ਪਹੁੰਚ ਗਈ ਹੈ। ਸਰਕਾਰ ਕੁੰਭਕਰਨੀ ਨੀਂਦ 'ਚ ਸੁੱਤੀ ਪਈ ਹੈ। ਨਗਰ ਨਿਗਮਾਂ ਵਲੋਂ ਪ੍ਰਬੰਧ ਦੀ ਘਾਟ ਕਾਰਨ ਖੁੱਲ੍ਹੇ ਮੈਦਾਨਾਂ ਵਿਚ ਕੂੜਾ ਸਾੜਿਆ ਜਾ ਰਿਹਾ ਹੈ। ਇਸ ਨਾਲ ਕਾਰਬਨ ਮੋਨੋਆਕਸਾਈਡ ਤੇ ਹੋਰ ਜ਼ਹਿਰੀਲੇ ਤੱਤ ਹਵਾ ਵਿਚ ਫੈਲ ਰਹੇ ਹਨ, ਜਿਸ ਨਾਲ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚ ਰਿਹਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਜਿਨ੍ਹਾਂ ਸ਼ਹਿਰਾਂ ਨੂੰ 'ਸਮਾਰਟ ਸਿਟੀ' ਬਣਾਉਣ ਦੇ ਵਾਅਦੇ ਕੀਤੇ ਸਨ, ਉੱਥੇ ਅੱਜ ਸਮਾਰਟ ਕੂੜਾ ਘਰ ਤੇ ਸਮਾਰਟ ਧੂੰਆਂ ਹੀ ਦਿਸਦਾ ਹੈ। ਸ਼ਰਮਾ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਸੂਬੇ ਦੇ ਸਾਰੇ ਨਗਰ ਨਿਗਮਾਂ ਅਤੇ ਪੰਚਾਇਤਾਂ ਨੂੰ ਕੂੜਾ ਪ੍ਰਬੰਧਨ ਲਈ ਜ਼ਿੰਮੇਵਾਰ ਠਹਿਰਾਵੇ ਤੇ ਹਰ ਜ਼ਿਲ੍ਹੇ ਵਿਚ 'ਵੇਸਟ ਮੈਨੇਜਮੈਂਟ ਟਾਸਕ ਫੋਰਸ' ਬਣਾਈ ਜਾਵੇ। ਸ਼ਰਮਾ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ ਸਰਕਾਰ ਨੇ ਤੁਰੰਤ ਪ੍ਰਦੂਸ਼ਣ ਨਿਯੰਤਰਨ ਤੇ ਕੂੜਾ ਪ੍ਰਬੰਧ ਲਈ ਢੰਗ ਦੀ ਯੋਜਨਾ ਨਾ ਬਣਾਈ ਤਾਂ ਭਾਜਪਾ ਸੂਬਾ ਪੱਧਰੀ ਅੰਦੋਲਨ ਸ਼ੁਰੂ ਕਰੇਗੀ।

ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉਪ ਪ੍ਰਧਾਨ ਭਾਈ ਜਗਜੀਤ ਸਿੰਘ ਤੇ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀ ਹੜ੍ਹ ਪੀੜਤਾਂ ਨੂੰ ਨਵੇਂ ਤਿਆਰ ਕੀਤੇ ਮਕਾਨ ਦੀਆਂ ਚਾਬੀਆਂ ਸੌਂਪਦੇ ਹੋਏ ਨਾਲ ਟਰੱਸਟ ਦੇ ਹੋਰ ਸੇਵਾਦਾਰ। ਤਸਵੀਰ : ਗੁਰਜੀਤ ਸਿੰਘ ਚਹਿਲ

ਬੜੂ ਸਾਹਿਬ ਟਰੱਸਟ ਵਲੋਂ ਹੜ੍ਹ ਪੀੜਤਾਂ ਨੂੰ ਨਵੇਂ ਮਕਾਨ ਤਿਆਰ ਕਰ ਕੇ ਦੇਣ ਦੀ ਮੁਹਿੰਮ ਜਾਰੀ

ਸੰਗਰੂਰ, ਧਰਮਗੜ੍ਹ, 28 ਅਕਤੂਬਰ (ਸੁਖਵਿੰਦਰ ਸਿੰਘ ਫੁੱਲ, ਗੁਰਜੀਤ ਸਿੰਘ ਚਹਿਲ)-ਕਲਗੀਧਰ ਟਰੱਸਟ ਬੜੂ ਸਾਹਿਬ (ਹਿਮਾਚਲ ਪ੍ਰਦੇਸ਼) ਵਲੋਂ ਉਪ ਪ੍ਰਧਾਨ ਭਾਈ ਜਗਜੀਤ ਸਿੰਘ (ਕਾਕਾ ਵੀਰ ਜੀ) ਵਲੋਂ 6 ਨਵੇਂ ਮਕਾਨ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸਕਰੀ ਤੇ ਹਸਨਪੁਰ ਵਿਖੇ ਨਵੇਂ ਪ੍ਰੀ-ਫੈਬ੍ਰਿਕੇਟਿਡ ਮਟੀਰੀਅਲ ਨਾਲ ਤਿਆਰ ਕਰ ਕੇ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਕਤ ਹੜ੍ਹ ਪੀੜਤਾਂ ਦੇ ਮਕਾਨ ਹੜ੍ਹਾਂ ਦੇ ਪਾਣੀ ਅਤੇ ਭਾਰੀ ਮੀਂਹ ਨਾਲ ਢਹਿ ਗ